Poonam Shodh Rachna (ISSN 2456-5563)
(A multidisciplinary, peer reviewed and refereed Journal)
Vol.1, Issue.VII, September 2022, Pc : PSR-2209027
Special Issue of National Conference on Humanity and Social Sciences 2022

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਾਜਕ ਜੀਵਨ-ਜਾਚ ਦਾ ਸੰਕਲਪ

Harjinder Kaur, Punjabi Research Scholar
CT University, Ludhiana, Punjab
Dr. Lakhwinder singh, Assistant Professor
Punjabi Department, CT University, Ludhiana, Punjab

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਾਜਕ ਜੀਵਨ-ਜਾਚ ਦਾ ਸੰਕਲਪ

**ਭੂਮਿਕਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਮਹਾਨ ਰਚਨਾ ਜਿੱਥੇ ਵਿਸ਼ਵ ਨੂੰ ਇਕ ਧਾਗੇ ਵਿਚ ਪ੍ਰੋ ਕੇ ਰੱਖਦੀ ਹੈ ਉੱਥੇ ਹੀ ਸਮਾਜਕ ਜੀਵਨ-ਜਾਚ ਦਾ ਸੰਕਲਪ ਵੀ ਪੇਸ਼ ਕਰਦੀ ਹੈ। ਸਮਾਜ ਵਿਚ ਰਹਿੰਦਿਆਂ ਮਨੁੱਖ ਨੇ ਕਿਵੇਂ ਵਿਚਰਨਾ ਹੈ, ਆਪਣੇ ਜੀਵਨ ਨੂੰ ਕਿਵੇਂ ਜਿਊਣਾ ਹੈ ਅਤੇ ਕਿਹੋ ਜਿਹੇ ਕੰਮ-ਕਾਰ ਕਰਨੇ ਹਨ ਅਜਿਹੇ ਜੀਵਨ ਢੰਗ ਦੇ ਉਪਦੇਸ਼ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਲੀਭਾਂਤ ਮਿਲ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਅਜਿਹਾ ਮਹਾਨ ਗ੍ਰੰਥ ਹੈ , ਜਿਸ ਨੇ ਸਭ ਧਰਮਾਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਹੈ। ਪੂਰੇ ਵਿਸ਼ਵ ਨੂੰ ਇਕ-ਮਿਕ ਹੋ ਕੇ ਰਹਿਣ ਅਤੇ ਆਪਸੀ ਭਾਈਚਾਰਕ ਸਾਂਝ, ਸ਼ਾਂਤੀ ਬਣਾਈ ਰੱਖਣ ਦਾ ਉਪਦੇਸ਼ ਦਿੱਤਾ ਹੈ। ਇਹ ਰਚਨਾ ਮਨੁੱਖ ਨੂੰ ਸਭ ਧਰਮਾਂ, ਜਾਤਾਂ-ਪਾਤਾਂ ਤੋਂ ਉੱਪਰ ਉੱਠ ਕੇ ਆਪਸ ਵਿਚ ਮਿਲ ਕੇ ਅਤੇ ਸੱਚ, ਪ੍ਰੇਮ, ਸੰਤੋਖ ਵਿਚ ਰਹਿਣਾ ਸਿਖਾਉਂਦੀ ਹੈ। ਇਸ ਰਚਨਾ ਨੇ ਮਨੁੱਖ ਨੂੰ ਅਜਿਹਾ ਜੀਵਨ ਜੀਣ ਲਈ ਕਿਹਾ ਜਿਸ ਵਿਚ ਦੂਜਿਆਂ ਪ੍ਰਤੀ ਨਿਮਰਤਾ, ਸੇਵਾ ਭਾਵਨਾ ਹੋਵੇ, ਛਲ, ਕਪਟ ਤੋਂ ਗੁਰਬਾਣੀ ਕੋਹਾਂ ਦੂਰ ਹੈ। ਮਨੁੱਖ ਜਿਹੋ ਜਿਹਾ ਆਪ ਹੋਵੇਗਾ ਉਹ ਉਸ ਤਰ੍ਹਾਂ ਦੇ ਸਮਾਜ ਦੀ ਹੀ ਸਿਰਜਣਾ ਕਰੇਗਾ। ਇਕ ਸੋਹਣਾ ਸਮਾਜ ਉਦੋਂ ਹੀ ਸਿਰਜਿਆ ਜਾ ਸਕਦਾ ਹੈ ਜਦੋਂ ਮਨੁੱਖ ਵਿਚ ਉਸ ਸਮਾਜ ਨੂੰ ਸਿ ਰਜਣ ਵਾਲੇ ਗੁਣ ਹੋਣਗੇ। ਧਰਮ ਹਮੇਸ਼ਾ ਮਨੁੱਖ ਨੂੰ ਚੰਗੇ ਗੁਣਾਂ ਦਾ ਧਾਰਨੀ ਹੋਣ ਲਈ ਪ੍ਰੇਰਿਤ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਮਹਾਨ ਰਚਨਾ ਅਧਿਆਤਮਕਤਾ ਦੇ ਸ਼ਿਖਰ ਨੂੰ ਛੂਹਦੀ ਹੈ ਲੋਕ ਤੋਂ ਪਰਲੋਕ ਤੱਕ ਉਸ ਪਰਮਾਤਮਾ ਦੇ ਮਹੱਤਵ ਨੂੰ ਦਰਸਾਉਂਦੀ ਹੈ ਅਤੇ ਨਾਲ ਹੀ ਸਮਾਜਕ, ਆਰਥਕ, ਰਾਜਨੀਤਕ, ਸਭਿਆਚਾਰਕ ਰੂਪਾਂ ਤੋਂ ਵੀ ਜਾਣੂ ਕਰਵਾਉਂਦੀ ਹੈ। ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਮਨੁੱਖ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਸਮਾਜਕ ਜੀਵਨ-ਜਾਚ ਤੋਂ ਜਾਣੂ ਹੋਣਾ ਜ਼ਰੂਰੀ ਹੈ।

'ਧਰਮ ਅਤੇ ਸਮਾਜ ਦਾ ਅਟੁੱਟ ਸਬੰਧ ਹੈ। ਧਰਮ ਸਮਾਜਕ ਵਿਧੀ ਵਿਧਾਨ ਲਈ ਅਤੇ ਸਮਾਜ ਨੂੰ ਨੈਤਿਕ ਨਿਯਮਾਂ 'ਤੇ ਚਲਾਉਣ ਲਈ ਸਿਧਾਂਤ ਪ੍ਰਦਾਨ ਕਰਦਾ ਹੈ। ਸਮਾਜ ਦੀ ਕੇਂਦਰੀ ਇਕਾਈ ਮਨੁੱਖ ਹੈ। ਸਮਾਜ ਦੀ ਉਸਾਰੀ ਲਈ ਚੰਗੇ ਕਰਤੱਵਾਂ ਵਾਲੇ ਮਨੁੱਖ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ।[1]

ਅਜੋਕੇ ਸਮਾਜ ਵਿਚ ਮਨੁੱਖ ਨੂੰ ਉਸ ਦੀ ਮਾਨਸਿਕਤਾ ਨੇ ਅਜਿਹੇ ਰੂਪ ਵਿਚ ਜਕੜ ਲਿਆ ਹੈ ਕਿ ਉਹ ਸਮਾਜ ਵਿਚ ਰਹਿੰਦਿਆਂ ਹੋਇਆਂ ਵੀ ਸਮਾਜ ਵਿਚ ਵਿਚਰਨ ਦੀ ਜਾਚ ਭੁੱਲ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਨੂੰ ਅਜਿਹੀਆਂ ਸਮੱਸਿਆਵਾਂ ਵਿਚੋਂ ਨਿਕਲਣ ਦੀ ਜਾਚ ਸਿਖਾਉਂਦੀ ਹੈ

**ਮਨੁੱਖੀ ਸਮਾਨਤਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਮਹਾਨ ਰਚਨਾ ਦੇ ਰਚਨਾਕਾਰਾਂ ਨੇ ਇਕ ਅਜਿਹੇ ਸਮਾਜ ਨੂੰ ਸਿਰਜਣ ਦੀ ਗੱਲ ਕੀਤੀ ਹੈ ਜਿੱਥੇ ਹਰ ਮਨੁੱਖ ਨੂੰ ਸਮਾਨਤਾ ਦਾ ਅਧਿਕਾਰ ਹੋਵੇ, ਲੋਕ ਆਪਸ ਵਿਚ ਮਿਲ ਕੇ ਰਹਿਣ ਅਤੇ ਵਹਿਮਾਂ-ਭਰਮਾਂ , ਪਾਖੰਡਾਂ ਤੋਂ ਦੂਰ ਰਹਿਣ। ਸਮਾਜ ਵਿਚ ਰਹਿਣ ਵਾਲਾ ਮਨੁੱਖ ਹੀ ਦੂਸਰੇ ਮਨੁੱਖ ਦਾ ਵੈਰੀ ਬਣਿਆ ਹੋਇਆ ਹੈ। ਜਦਕਿ ਗੁਰਬਾਣੀ ਦਾ ਉਪਦੇਸ਼ ਹੈ,

'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥'[2]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਇਹ ਉਪਦੇਸ਼ ਹੈ ਕਿ ਸਾਰੇ ਮਨੁੱਖ ਹੀ ਉਸ ਅਲਹ ਦੁਆਰਾ ਹੀ ਧਰਤੀ ਤੇ ਆਏ ਹਨ। ਮਨੁੱਖਾਂ ਨੂੰ ਪੈਦਾ ਕਰਨ ਵਾਲਾ ਉਹ ਪਰਮਾਤਮਾ ਇਕ ਹੈ ਭਾਵੇਂ ਕਿ ਉਸ ਦੇ ਨਾਮ ਵੱਖਰੇ-ਵੱਖਰੇ ਹਨ। ਜਦੋਂ ਸਾਨੂੰ ਪੈਦਾ ਕਰਨ ਵਾਲਾ ਪਰਮਾਤਮਾ ਹੀ ਇਕ ਹੈ ਤਾਂ ਫਿਰ ਅਸੀਂ ਕਿਸੇ ਨੂੰ ਛੋਟਾ-ਵੱਡਾ, ਚੰਗਾ-ਮਾੜਾ ਕਹਿਣ ਵਾਲੇ ਕੌਣ ਹਾਂ ?

'ਗੁਰਬਾਣੀ ਅਨੁਸਾਰ ਸਾਰੇ ਮਨੁੱਖਾਂ ਵਿਚ ਇਕ ਪਰਮਾਤਮਾ ਦੀ ਜੋਤ ਪ੍ਰਕਾਸ਼ਮਾਨ ਹੈ। ਇਸ ਲਈ ਸਿਧਾਂਤਕ ਤੌਰ 'ਤੇ ਗੁਰਬਾਣੀ ਸਭ ਮਨੁੱਖਾਂ ਨੂੰ ਬਰਾਬਰ ਮੰਨਦੀ ਹੈ। ਗੁਰਬਾਣੀ ਨੇ ਜਾਤ, ਨਸਲ, ਰੰਗ ਜਾਂ ਲਿੰਗ ਦੇ ਵਿਤਕਰਿਆਂ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਹੈ।'[3]

ਅਜੋਕੇ ਸਮੇਂ ਦੇ ਮਨੁੱਖ ਦੀ ਮਾਨਸਿਕਤਾ ਨਿਘਰਦੀ ਜਾ ਰਹੀ ਹੈ ਇਹੀ ਕਾਰਨ ਹੈ ਕਿ ਉਹ ਅਜੋਕੇ ਸਮਾਜ ਵਿਚ ਰਹਿੰਦਿਆਂ ਹੋਇਆਂ ਵੀ ਚੰਗੇ ਸਮਾਜ ਦੀ ਸਿਰਜਣਾ ਨਹੀਂ ਕਰ ਸਕਿਆ। ਉਸ ਦੀ ਮਾਨਸਿਕਤਾ ਦੂਜੇ ਵਿਅਕਤੀ ਦੇ ਜੀਵਨ ਵਿਚ ਵਿਘਨ ਬਣਦੀ ਹੈ ਜਿਸ ਨਾਲ ਉਹ ਖ਼ੁਦ ਤਾਂ ਹਰ ਵਕਤ ਪ੍ਰੇਸ਼ਾਨ ਰਹਿੰਦਾ ਹੀ ਹੈ ਨਾਲ ਹੀ ਦੂਜਿਆਂ ਨੂੰ ਵੀ ਪ੍ਰੇਸ਼ਾਨ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਸਮਾਜ ਵਿਚ ਰਹਿਣ ਵਾਲਾ ਹਰ ਮਨੁੱਖ ਦੂਜੇ ਮਨੁੱਖ ਨੂੰ ਅਪਣਤ ਦੀ ਭਾਵਨਾ ਨਾਲ ਵੇਖੇ ਅਤੇ ਉਸਦੇ ਜੀਵਨ ਨੂੰ ਵੀ ਆਪਣੇ ਜੀਵਨ ਵਾਂਗ ਹੀ ਸਮਝੇ ਉਸ ਨਾਲ ਕੋਈ ਵੈਰ ਭਾਵ ਨਾ ਰੱਖੇ।

'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਜਿਥੇ ਸਰਬੱਤ ਦੇ ਭਲੇ ਦੀ ਗੱਲ ਕੀਤੀ ਹੈ ਉਥੇ ਮਨੁੱਖ ਦੇ ਨਿਜਤਵ ਦੇ ਮਾਨ ਸਨਮਾਨ ਦੀ ਵੀ ਭਰਪੂਰ ਵਕਾਲਤ ਕੀਤੀ ਹੈ।'[4]

**ਔਰਤ ਦਾ ਸਨਮਾਨ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਮਨੁੱਖੀ ਸਨਮਾਨ ਦੀ ਗੱਲ ਕੀਤੀ ਗਈ ਹੈ ਔਰਤ ਦਾ ਸਨਮਾਨ ਵੀ ਉਸੇ ਵਰਗ ਵਿਚ ਹੀ ਆਉਂਦਾ ਹੈ। ਔਰਤ ਜਾਂ ਮਰਦ ਹੋਣਾ ਕੋਈ ਵੱਡਾ ਜਾਂ ਛੋਟਾ ਨਹੀਂ ਬਣ ਜਾਂਦਾ। ਔਰਤ ਅਤੇ ਮਰਦ ਦੋਵੇਂ ਮਿਲ ਕੇ ਹੀ ਸਮਾਜ ਨੂੰ ਚਲਾਉਂਦੇ ਹਨ। ਸਾਡਾ ਸਮਾਜ ਅੱਜ ਵੀ ਔਰਤ ਪ੍ਰਤੀ ਉਹ ਨਜ਼ਰੀਆ ਨਹੀਂ ਅਪਣਾ ਸਕਿਆ ਜਿਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫਰਮਾਨ ਕੀਤਾ ਗਿਆ ਹੈ;

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥'[5]

ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਆਸਾ ਦੀ ਵਾਰ' ਵਿਚੋਂ ਲਿਆ ਗਿਆ ਹੈ। ਗੁਰੂ ਜੀ ਫਰਮਾਉਂਦੇ ਹਨ ਕਿ ਉਸ ਇਸਤਰੀ ਨੂੰ ਬੁਰੀ ਕਿਉਂ ਕਿਹਾ ਜਾਂਦਾ ਹੈ ਜਿਸ ਨੇ ਰਾਜਿਆਂ , ਮਹਾਰਾਜਿਆਂ ਅਤੇ ਯੋਧਿਆ ਪੁਰਖਾਂ ਨੂੰ ਜਨਮ ਦਿੱਤਾ ਹੈ। ਇਹ ਸਾਰਾ ਸੰਸਾਰ ਹੀ ਇਸਤਰੀ ਰਾਹੀਂ ਬਣਿਆ ਹੈ। ਜੇਕਰ ਔਰਤ ਨਾ ਹੁੰਦੀ ਤਾਂ ਸੰਸਾਰ ਦੀ ਕਲਪਨਾ ਕਰਨੀ ਵੀ ਅਸੰਭਵ ਸੀ। ਸਮਾਜ ਵਿਚ ਔਰਤ ਨੂੰ ਪੈਰ ਦੀ ਜੁੱਤੀ ਸਮਝਣਾ , ਜ਼ੰਜੀਰਾਂ ਵਿਚ ਜਕੜ ਕੇ ਰੱਖਣ ਵਾਲਾ ਮਨੁੱਖ ਗੁਰਬਾਣੀ ਅਨੁਸਾਰ ਮਨੁੱਖ ਹੋਣ ਦਾ ਦਰਜਾ ਹੀ ਨਹੀਂ ਰੱਖਦਾ। ਔਰਤ ਨੂੰ ਸਨਮਾਨ ਨਾ ਦੇਣਾ ਉਸ ਨਾਲ ਬੁਰਾ ਵਿਵਹਾਰ ਕਰਨਾ ਮਰਦਾਨਗੀ ਦਾ ਨਹੀਂ ਸਗੋਂ ਇਨਸਾਨੀਅਤ ਪ੍ਰਤੀ ਗਲਤ ਵਿਵਹਾਰ ਕਰਨ ਦਾ ਪ੍ਰਤੀਕ ਹੈ।

'ਖਾਲਸਾ ਦੀ ਸਿਰਜਨਾ ਵੇਲੇ ਔਰਤ ਦੇ ਨਾਮ ਨਾਲ 'ਕੌਰ' ਸ਼ਬਦ ਲਾਉਣ ਦਾ ਆਪਣਾ ਵਿਲੱਖਣ ਪ੍ਰਸੰਗ ਹੈ। 'ਕੌਰ' ਦਾ ਭਾਵ ਕੁੰਵਰ। ਕੁੰਵਰ ਸ਼ਬਦ ਉਸ ਲਈ ਵਰਤਿਆ ਜਾਂਦਾ ਹੈ ਜੋ ਰਾਜੇ ਤੋਂ ਬਾਅਦ ਗੁਰਗੱਦੀ ਦਾ ਅਧਿਕਾਰੀ ਹੁੰਦਾ ਹੈ।'[6]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਔਰਤ ਨੂੰ ਰੱਬ ਦਾ ਦੂਜਾ ਰੂਪ ਮੰਨਿਆ ਗਿਆ ਹੈ। ਔਰਤ ਵੀ ਰੱਬ ਦਾ ਦੂਜਾ ਕੁੰਵਰ ਹੈ ਜੋ ਕਿ ਰੱਬ ਤੋਂ ਬਾਅਦ ਦੂਜਾ ਸਥਾਨ ਰੱਖਦੀ ਹੈ। ਭਾਰਤੀ ਸਮਾਜ ਵਿਚ ਔਰਤਾਂ ਦੇ ਅਨੇਕਾਂ ਅਜਿਹੇ ਕਿਸੇ ਹਨ ਜਿੰਨ੍ਹਾ ਦੁਆਰਾ ਸੋਹਣਾ ਅਤੇ ਸੁਚੱਜਾ ਸਮਾਜ ਸਿਰਜਣ ਦੀ ਭੂਮਿਕਾ ਨੂੰ ਨਿਭਾਇਆ ਗਿਆ ਹੈ। ਅਜਿਹੇ ਸਮਾਜ ਵਿਚੋਂ ਹੀ ਉਪਜੀ ਅੱਜ ਦੀ ਔਰਤ ਹੈ ਜੋ ਅੱਜ ਵੀ ਸਮਾਜ ਨੂੰ ਸੇਧ ਦੇ ਰਹੀ ਹੈ ਅਤੇ ਆਪਣੇ ਰੁਤਬੇ ਨਾਲ ਸਮਾਜ ਦੀ ਗਲਤ ਸੋਚ ਨੂੰ ਬਦਲਣ ਦਾ ਨਿਰੰਤਰ ਯਤਨ ਕਰ ਰਹੀ ਹੈ।

**ਸਮਾਜਕ ਬੁਰਾਈਆਂ**

ਸਮਾਜਕ ਜੀਵਨ ਜਿਊਣ ਲਈ ਮਨੁੱਖ ਨੂੰ ਸਮਾਜਕ ਬੁਰਾਈਆਂ ਬੁਰੇ ਕਰਮ-ਕਾਡਾਂ ਅਤੇ ਵਹਿਮਾਂ-ਭਰਮਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਗੁਰਬਾਣੀ ਦਾ ਫਰਮਾਨ ਹੈ;

' ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ ॥'[7]

ਭਾਵ ਕਿ ਮੱਥੇ ਤੇ ਟਿੱਕਾ ਲਾ ਲੈਣ ਨਾਲ ਅਤੇ ਤੇੜ ਧੋਤੀ ਬੰਨ੍ਹਣ ਵਾਲਾ ਮਨੁੱਖ ਜ਼ਰੂਰੀ ਨਹੀਂ ਕੋਈ ਪੰਡਿਤ ਜਾਂ ਮਹਾਤਮਾ ਹੀ ਹੋਵੇ। ਇਹ ਵੀ ਹੋ ਸਕਦਾ ਹੈ ਉਹ ਬਾਣੇ ਵਿਚ ਰਹਿ ਕੇ ਵੀ ਅੰਦਰੋਂ ਛੁਰੀ ਨਾਲ ਜਗਤ ਨੂੰ ਕਸਾਈਆਂ ਵਾਂਗ ਖਾ ਰਿਹਾ ਹੋਵੇ। ਗੁਰਬਾਣੀ ਅਨੁਸਾਰ ਅਜਿਹੇ ਦਿਖਾਵਿਆਂ ਅਤੇ ਗਲਤ ਕੰਮਾਂ ਤੋਂ ਬਚਣਾ ਚਾਹੀਦਾ ਹੈ। ਅਜਿਹੇ ਰਾਸਤੇ ਉੱਤੇ ਮਨੁੱਖ ਨੂੰ ਖ਼ੁਦ ਵੀ ਨਹੀਂ ਤੁਰਨਾ ਚਾਹੀਦਾ ਅਤੇ ਦੂਜਿਆਂ ਨੂੰ ਵੀ ਅਜਿਹੇ ਕਰਮ-ਕਾਂਡ ਕਰਨ ਤੋਂ ਰੋਕਣਾ ਚਾਹੀਦਾ ਹੈ। ਅਜਿਹੇ ਗਲਤ ਕਰਮ-ਕਾਂਡ ਕਰਨ ਵਾਲੇ ਵਿਅਕਤੀ ਦੂਜਿਆਂ ਦੇ ਜੀਵਨ ਨੂੰ ਬਰਬਾਦ ਕਰ ਦਿੰਦੇ ਹਨ ਅਤੇ ਉਹਨਾਂ ਦੀ ਮਾਨਸਿਕ ਅਵਸਥਾ ਨੂੰ

ਵੀ ਸੱਟ ਲੱਗਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰਚਨਹਾਰਿਆਂ ਨੇ ਅਜਿਹੀਆਂ ਬੁਰਾਈਆਂ ਪ੍ਰਤੀ ਆਵਾਜ਼ ਉਠਾਈ ਹੈ ਭਰਮ ਚੋਂ ਕੱਢਿਆ ਅਤੇ ਲੋਕਾਂ ਨੂੰ ਚੇਤੰਨ ਕੀਤਾ ਕਿ ਅਜਿਹੇ ਕਰਮਕਾਂਡੀ ਅਡੰਬਰਾਂ ਦੀ ਸਮਾਜਕ ਜਾਂ ਧਾਰਮਕ ਜੀਵਨ ਵਿਚ ਕੋਈ ਵੀ ਅਹਿਮੀਅਤ ਨਹੀਂ ਹੈ।

**ਨੈਤਿਕਤਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਇਹ ਹੈ ਕਿ ਇਸ ਵਿੱਚ 'ਧਰਮ' ਸ਼ਬਦ ਵਰਤਿਆ ਗਿਆ ਹੈ। ਇਹ ਸ਼ਬਦ ਕਿਸੇ ਖ਼ਾਸ ਮੱਤ ਜਾਂ ਸੰਪਰਦਾਇ ਨਾਲ ਜੁੜਿਆ ਨਹੀਂ ਹੈ ਸਗੋਂ ਨੈਤਿਕਤਾ ਅਤੇ ਸਦਾਚਾਰ ਗੁਣਾਂ ਨਾਲ ਜੁੜਿਆ ਹੋਇਆ ਹੈ। ਜੇਕਰ ਸਮਾਜ ਵਿੱਚ ਧਰਮ ਖ਼ਤਮ ਹੋ ਜਾਵੇਗਾ ਤਾਂ ਸਮਾਜ ਦਾ ਤਾਣਾ-ਬਾਣਾ ਹੀ ਉਲਝ ਜਾਵੇਗਾ। 'ਸਾਂਝ ਕਰੀਜੇ ਗੁਣਹ ਕੇਰੀ ' ਭਾਵ ਕਿ ਧਰਮ ਵੀ ਤਦ ਹੀ ਕਮਾਇਆ ਜਾ ਸਕਦਾ ਹੈ ਜੇਕਰ ਮਨੁੱਖ ਆਪਣੇ ਅੰਦਰਲੇ ਅਉਗਣਾਂ ਨੂੰ ਖਤਮ ਕਰਕੇ ਚੰਗੇ ਗੁਣਾਂ ਦਾ ਧਾਰਨੀ ਬਣਦਾ ਹੈ।

ਸਮਾਜ ਵਿੱਚ ਰਹਿੰਦਿਆਂ ਮਨੁੱਖ ਦਾ ਪਹਿਲਾ ਨੈਤਿਕ ਗੁਣ ਸੱਚ ਬੋਲਣਾ ਹੈ। ਹਰ ਧਰਮ ਦਾ ਮੂਲ ਆਧਾਰ ਹੀ ਸੱਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਾਜ ਨੂੰ ਦੋ ਧਾਰਾਵਾਂ ਦਾ ਸੰਗ੍ਰਾਮ ਮੰਨਿਆ ਗਿਆ ਹੈ- ਇੱਕ 'ਸੱਚ' ਅਤੇ ਦੂਜਾ 'ਕੂੜ'। 'ਕੂੜ' ਦਾ ਭਾਵ ਅਰਥ ਹੈ ਝੂਠ। ਸੱਚ ਦੇ ਰਾਸਤੇ ਤੇ ਚੱਲਣਾ ਮਨੁੱਖ ਲਈ ਥੋੜ੍ਹਾ ਕਠਿਨ ਹੈ। ਪਰ ਸੱਚ ਬੋਲਣ ਵਾਲੇ ਇਨਸਾਨ ਦਾ ਮਨ ਸ਼ਾਂਤ ਮਹਿਸੂਸ ਕਰਦਾ ਹੈ। ਜੇਕਰ ਸਾਡਾ ਆਚਾਰ-ਵਿਹਾਰ ਸੱਚਾ ਹੈ ਤਾਂ ਹੀ ਜੀਵਨ ਵਿੱਚ ਮਨੁੱਖ ਕਿਸੇ ਦੂਜੇ ਨੂੰ ਸੇਧ ਦੇਣ ਯੋਗ ਹੋ ਸਕਦਾ ਹੈ। ਕਈ ਵਾਰ ਸੱਚ ਕੌੜਾ ਲੱਗਦਾ ਹੈ ਪਰ ਅਖੀਰ ਵਿਚ ਮਨੁੱਖ ਦੇ ਜੀਵਨ ਨੂੰ ਸਹੀ ਰਾਸਤੇ 'ਤੇ ਲੈ ਆਉਂਦਾ ਹੈ। ਸੱਚ ਮਨੁੱਖ ਦੇ ਜੀਵਨ ਦਾ ਅਹਿਮ ਹਿੱਸਾ ਹੈ।

ਮਨੁੱਖ ਦਾ ਨੈਤਿਕ ਗੁਣ ਸਹਿਣਸ਼ੀਲਤਾ ਵੀ ਹੈ। ਕਿਸੇ ਦੂਜੇ ਵਿਅਕਤੀ ਦੁਆਰਾ ਬੋਲੇ ਜਾਣ ਵਾਲੇ ਸ਼ਬਦਾਂ ਨੂੰ ਸਹਿਜ ਭਾਵ ਨਾਲ ਸੁਣ ਲੈਣਾ।

'ਸਹਿਣਸ਼ੀਲਤਾ ਤੋਂ ਭਾਵ ਸਹਿਣ ਜਾਂ ਬਰਦਾਸ਼ਤ ਕਰਨ ਦੀ ਸ਼ਕਤੀ, ਹਰ ਸਮੇਂ ਧੀਰਜ ਬਣਾ ਕੇ ਰੱਖਣਾ। ਇਸ ਗੁਣ ਕਰਕੇ ਮਨੁੱਖ ਦਾ ਮਨ ਸ਼ਾਂਤ ਤੇ ਅਡੋਲ ਰਹਿੰਦਾ ਹੈ।' [8]

ਜ਼ਿੰਦਗੀ ਵਿੱਚ ਸਹਿਜ ਸਭ ਤੋਂ ਉੱਤਮ ਗੁਣ ਹੈ। ਦੂਜਿਆਂ ਨੂੰ ਸੁਣਨ ਵਾਲਾ ਵਿਅਕਤੀ ਹੀ ਅਜਿਹੇ ਗੁਣ ਦਾ ਧਾਰਨੀ ਹੁੰਦਾ ਹੈ। ਸੁਣਨਾ ਵੀ ਬਹੁਤ ਕਠਿਨ ਕੰਮ ਹੈ। ਅਸੀਂ ਬੋਲ ਤਾਂ ਸਕਦੇ ਹਾਂ ਪਰ ਦੂਜਿਆਂ ਨੂੰ ਸੁਣਨਾ ਬਹੁਤ ਕਠਿਨ ਲੱਗਦਾ ਹੈ। ਜੇਕਰ ਅਸੀਂ ਦੂਜਿਆਂ ਨੂੰ ਸੁਣਨ ਦੀ ਅਵਸਥਾ ਪੈਦਾ ਕਰ ਲਵਾਂਗੇ ਤਾਂ ਸਹਿਜਤਾ ਸਾਡੇ ਵਿਚ ਆਪਣੇ-ਆਪ ਆ ਜਾਵੇਗੀ। ਦੂਜਿਆਂ ਨੂੰ ਸੁਣਨਾ ਹੀ ਸਹਿਜਤਾ ਦਾ ਧਾਰਨੀ ਹੋਣਾ ਹੈ।

'ਕਬੀਰ ਜੀ ਫਰਮਾਉਂਦੇ ਹਨ ਕਿ ਗੁਰਮੁਖ ਵਿਅਕਤੀ ਹਰ ਸਥਿਤੀ ਵਿਚ ਸਹਿਜ ਰਹਿੰਦਾ ਹੈ ਕਿਉਂਕਿ ਉਹ ਜੀਵਨ ਨੂੰ ਰੱਬੀ ਰਜਾ ਸਮਝ ਕੇ ਭੁਗਤਦਾ ਹੈ।' [9]

' ਮਰਨੇ ਮਰਨ ਕਹੈ ਸਭ ਕੋਈ॥
ਸਹਜੇ ਮਰੈ ਅਮਰੁ ਹੋਇ ਸੋਈ॥' [10]

ਮਨੁੱਖ ਨੂੰ ਸਹਿਜਤਾ ਦੇ ਨਾਲ-ਨਾਲ ਸੰਤੋਖ ਨੂੰ ਵੀ ਆਪਣੇ ਨੈਤਿਕ ਗੁਣਾਂ ਵਿਚ ਧਾਰਨ ਕਰਨਾ ਚਾਹੀਦਾ ਹੈ। ਸੰਤੋਖ ਤੋਂ ਭਾਵ ਸਬਰ ਹੈ। ਸੰਤੋਖ ਆਉਣ ਨਾਲ ਮਨੁੱਖ ਦੇ ਮਨ ਵਿਚ ਟਿਕਾਉ ਪੈਦਾ ਹੁੰਦਾ ਹੈ। ਇਹੀ ਅਵਸਥਾ ਮਨੁੱਖ ਦੇ ਮਨ ਦੀ ਸ਼ਾਂਤੀ ਬਣਦੀ ਹੈ। ਟਿਕਾਉ ਅਵਸਥਾ ਮਨੁੱਖ ਦੇ ਮਨ ਨੂੰ ਹਉਮੈ ਤੋਂ ਦੂਰ ਕਰ ਦਿੰਦੀ ਹੈ। ਉਸ ਦਾ ਹੰਕਾਰ ਆਪਣੇ ਆਪ ਖ਼ਤਮ ਹੋ ਜਾਂਦਾ ਹੈ।

ਅਜੋਕਾ ਮਨੁੱਖ ਹਉਮੈ ਗ੍ਰਸਤ ਹੈ। ਮਨੁੱਖ ਦੀ ਮਨੁੱਖ ਨਾਲ ਸਾਂਝ ਕੇਵਲ ਸਵਾਰਥਾ ਤੱਕ ਸੀਮਤ ਰਹਿ ਗਈ ਹੈ। ਮਨੁੱਖ ਨੂੰ ਖੁਸ਼ੀ ਉਦੋਂ ਤੱਕ ਨਹੀਂ ਮਿਲ ਸਕਦੀ ਜਦੋਂ ਤੱਕ ਉਹ ਹਉਮੈ ਰਹਿਤ ਨਹੀਂ ਹੋ ਜਾਂਦਾ।' [11]

ਹਉਮੈ ਦੀ ਕੰਧ ਉਦੋਂ ਤੱਕ ਨਹੀਂ ਟੁੱਟਦੀ ਜਦੋਂ ਤੱਕ ਉਸ ਨੂੰ ਇਸ ਦਾ ਗਿਆਨ ਨਹੀਂ ਹੁੰਦਾ ਅਤੇ ਇਹ ਗਿਆਨ ਮਨੁੱਖ ਨੂੰ ਗੁਰੂ ਤੋਂ ਹੀ ਹਾਸਿਲ ਹੁੰਦਾ ਹੈ। 'ਗਿਆਨ ਕਾ ਬਧਾ ਮਨ ਰਹੈ॥ ਗੁਰ ਬਿਨ ਗਿਆਨ ਨਾ ਹੋਇ॥' ਗੁਰੂ ਨਾਨਕ ਦੇਵ ਜੀ ਦੇ ਇਹਨਾਂ ਸ਼ਬਦਾਂ ਦਾ ਭਾਵ ਅਰਥ ਇਹੀ ਹੈ ਕਿ ਸਾਡਾ ਇਹ ਮਨ ਤਾਂ ਹੀ ਵਿਕਾਰਾਂ ਤੋਂ ਦੂਰ ਰਹਿ ਸਕਦਾ ਜੇਕਰ ਇਸ ਨੂੰ ਅਜਿਹੀਆਂ ਚੀਜ਼ਾਂ ਤੋਂ ਦੂਰ ਰਹਿਣ ਦਾ ਗਿਆਨ ਹੋਵੇ। ਗਿਆਨ ਹੀ ਮਨੁੱਖ ਦੇ ਮਨ ਦੀਆਂ ਅਵਸਥਾਵਾਂ ਤਹਿ ਕਰਦਾ ਹੈ। ਹਉਮੈ ਨੂੰ ਤਿਆਗ ਕੇ ਹੀ ਮਨੁੱਖ ਵਿਚ ਨਿਮਰਤਾ ਆਉਂਦੀ ਹੈ।

ਆਪਸ ਕੋ ਜੋ ਜਾਣੈ ਨੀਚਾ॥
ਸੋਊ ਗਨੀਐ ਸਭ ਤੇ ਊਚਾ॥' [12]

ਮਨੁੱਖ ਨੂੰ ਆਪਣੇ ਜੀਵਨ ਵਿਚ ਨਿਮਾਣਾ ਬਣ ਕੇ ਰਹਿਣਾ ਚਾਹੀਦਾ ਹੈ । ਨਿਮਾਣੇ ਦਾ ਭਾਵ ਇਹ ਨਹੀਂ ਕਿ ਉਹ ਕਿਸੇ ਦੇ ਦਬਾਅ ਵਿਚ ਰਹੇ ਬਲਕਿ ਉਹ ਇਸ ਭਾਵ ਵਿਚ ਰਹੇ। ਇਸ ਨਾਲ ਜੋ ਮਨ ਨੂੰ ਸ਼ਾਂਤੀ ਮਿਲਦੀ ਹੈ ਉਸ ਨਾਲ ਹੀ ਉਹ ਮਨੁੱਖ ਆਤਮਿਕ ਜੀਵਨ ਵਿਚ ਉੱਚਾ ਉੱਠ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਿਮਰਤਾ ਦਾ ਭਾਵ ਨਰਮ ਦਿਲੀ ਹੈ। ਕਿਸੇ ਵਿਅਕਤੀ ਪ੍ਰਤੀ ਆਪਣੇ ਵਿਹਾਰ ਨੂੰ ਨਰਮ ਰੱਖ ਣਾ ਹੀ ਨਿਮਰਤਾ ਹੈ। ਕੋਈ ਕਿੰਨਾ ਵੀ ਵੱਡਾ

ਹੋਵੇ ਜਾਂ ਕੋਈ ਕਿੰਨਾ ਵੀ ਨਾਰਾਜ਼ ਹੋਵੇ ਜੇਕਰ ਤੁਸੀਂ ਉਸਦੇ ਸਾਹਮਣੇ ਨਿਮਰਤਾ ਨਾਲ ਪੇਸ਼ ਆਉਗੇ ਤਾਂ ਉਹ ਵਿਅਕਤੀ ਆਪਣੇ ਆਪ ਹੀ ਤੁਹਾਡੇ ਨਾਲ ਉਸ ਭਾਵ ਵਿਚ ਰਹਿ ਕੇ ਗੱਲਬਾਤ ਕਰੇਗਾ। ਅਜੋਕੇ ਸਮਾਜਕ ਜੀਵਨ ਵਿਚ ਰਿਸ਼ਤਿਆਂ ਦੇ ਬਿਖਰਨ ਦਾ ਕਾਰਨ ਵੀ ਗੁੱਸਾ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖ ਨੂੰ ਸਮਾਜ ਵਿਚ ਵਿਚਰਨ ਲਈ ਪ੍ਰੇਮ ਭਾਵਨਾ ਨਾਲ ਰਹਿਣ ਦਾ ਉਪਦੇਸ਼ ਦਿੰਦੇ ਹਨ।

'ਮਿੱਠੇ ਭਾਵ ਨਾਲ ਬੋਲਣ ਵਾਲੇ ਨੂੰ ਹਰ ਥਾਂ ਸਤਿਕਾਰ ਮਿਲਦਾ ਹੈ। ਗੁਰਬਾਣੀ ਵਿੱਚ ਮਿੱਠਤ ਅਤੇ ਨਿਮਰਤਾ ਨੂੰ ਗੁਣਾਂ ਅਤੇ ਚੰਗਿਆਈਆਂ ਦਾ ਤੱਤ ਦਰਸਾਇਆ ਗਿਆ ਹੈ।' [13]

'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ' ਸੰਸਾਰ ਵਿਚ ਮਿੱਠਾ ਬੋਲਣ ਨਾਲ ਮਨੁੱਖ ਦੀ ਸ਼ੋਭਾ ਵਧਦੀ ਹੈ। ਇਸੇ ਰਾਹੀਂ ਹੀ ਪ੍ਰੇਮ ਭਾਵਨਾ ਪੈਦਾ ਹੁੰਦੀ ਹੈ। ਸਮਾਜਕ ਈਰਖਾ, ਕ੍ਰੋਧ, ਵੈਰ ਸਭ ਖ਼ਤਮ ਹੋ ਜਾਂਦੇ ਹਨ। ਇਸ ਕਾਇਨਾਤ ਨੂੰ ਸਾਜਣ ਵਾਲਾ ਕਿਸੇ ਵਿਚ ਭੇਦ-ਭਾਵ ਨਹੀਂ ਕਰਦਾ। ਉਹ ਤਾਂ ਸਭ ਨੂੰ ਖਾਣ ਨੂੰ ਦਿੰਦਾ ਹੈ ਪਰ ਮਨੁੱਖ ਪਤਾ ਨਹੀਂ ਕਿਉਂ ਕਿਸੇ ਨਾਲ ਵੈਰ ਭਾਵਨਾ ਰੱਖਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨੁੱਖ ਨੂੰ ਸਭ ਨਾਲ ਪ੍ਰੇਮ ਭਾਵਨਾ ਨਾਲ ਰਹਿਣ ਲਈ ਪ੍ਰੇਰਿਤ ਕਰਦੀ ਹੈ। ਸ਼ੇਖ ਫਰੀਦ ਜੀ ਦੇ ਸਲੋਕ;

ਫਰੀਦਾ ਗਲੀਏ ਚਿਕੜ ਦੂਰਿ ਘਰ ਨਾਲਿ ਪਿਆਰੇ ਨੇਹੁ।
ਚਲਾਂ ਤਾਂ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥

ਫਰੀਦ ਜੀ ਫਰਮਾਉਂਦੇ ਹਨ ਕਿ ਉਹਨਾਂ ਦਾ ਮਨ ਉਸ ਪਰਮਾਤਮਾ ਦੇ ਪ੍ਰੇਮ ਵਿਚ ਅਜਿਹਾ ਰੰਗਿਆ ਹੋਇਆ ਹੈ ਕਿ ਉਹ ਉਸ ਬਿਨ੍ਹਾਂ ਰਹਿ ਨਹੀਂ ਸਕਦੇ। ਪਰਮਾਤਮਾ ਨੂੰ ਪਾਉਣ ਦਾ ਰਾਸਤਾ ਭਾਵੇਂ ਕਠਿਨ ਹੀ ਹੈ ਪਰ ਫਿਰ ਵੀ ਉਹ ਉਸ ਦੇ ਮੋਹ ਪਿਆਰ ਲਈ ਹਰ ਰਾਸਤੇ ਨੂੰ ਤਹਿ ਕਰ ਸਕਦੇ ਹਨ। ਜੇਕਰ ਅਜਿਹੀ ਪ੍ਰੇਮ ਭਾਵਨਾ ਵਾਲਾ ਵਤੀਰਾ ਸਮਾਜਿਕ ਮਨੁੱਖ ਦੂਸਰੇ ਮਨੁੱਖ ਪ੍ਰਤੀ ਅਪਣਾ ਲਵੇ ਤਾਂ ਸਮਾਜ ਵਿਚ ਰਹਿੰਦਿਆਂ ਜੀਵਨ ਜਿਊਣਾ ਸੌਖਾ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਫਰਮਾਉਂਦੀ ਹੈ ਕਿ ਉਹੀ ਜੀਵ ਪਰਮਾਤਮਾ ਦੀ ਨੇੜਤਾ ਹਾਸਿਲ ਕਰ ਸਕਦਾ ਹੈ ਜਿਹੜਾ ਕਿ ਸਭ ਨਾਲ ਮਿੱਤਰਤਾ ਨਾਲ ਰਹਿੰਦਾ ਹੈ। ਇਸੇ ਤਰ੍ਹਾਂ ਸਮਾਜ ਵਿਚ ਵੀ ਮਨੁੱਖ ਤਾਂ ਹੀ ਮਾਣ ਹਾਸਿਲ ਕਰ ਸਕਦਾ ਹੈ ਜੇਕਰ ਉਸ ਵਿਚ ਦੂਜਿਆਂ ਪ੍ਰਤੀ ਪ੍ਰੇਮ ਭਾਵਨਾ ਅਤੇ ਮਿੱਤਰਤਾ ਭਾਵ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਵਿਲੱਖਣਤਾ ਇਸ ਲਈ ਹੈ ਕਿਉਂਕਿ ਇਹ ਬਾਣੀ ਮਨੁੱਖ ਨੂੰ ਪਰਮਾਤਮਾ ਤੇ ਦਿੱਤੇ ਉਪਦੇਸ਼ ਨਾਲ ਅਧਿਆਤਮਕਤਾ ਅਤੇ ਰੂਹਾਨੀ ਨੂਰ ਨਾਲ ਜੋੜ ਕਿ ਰੱਖਦੀ ਹੈ ਪਰ ਫਿਰ ਵੀ ਇਹ ਸਮਾਜਕ ਜੀਵਨ ਦ੍ਰਿਸ਼ਟੀ ਨੂੰ ਨਾਲ ਲੈ ਕੇ ਚੱਲਦੀ ਹੈ।

**ਪਰਿਵਾਰਿਕ ਰਿਸ਼ਤੇ**

ਗੁਰਬਾਣੀ ਮਨੁੱਖ ਨੂੰ ਪਰਿਵਾਰਿਕ ਰਿਸ਼ਤਿਆਂ ਵਿਚ ਰਹਿਣ ਦੀ ਜਾਚ ਸਿਖਾਉਂਦੀ ਹੈ। ਰਿਸ਼ਤੇ ਵੀ ਤਾਂ ਹੀ ਨਿਭਦੇ ਹਨ ਜੇਕਰ ਮਨੁੱਖ ਉਹਨਾਂ ਵਿਚ ਅਪਣਤ ਅਤੇ ਮਿਠਾਸ ਰੱਖਦਾ ਹੈ। ਰਿਸ਼ਤਿਆਂ ਨੂੰ ਨਿਭਾਉਣ ਵਿਚ ਮਨੁੱਖ ਦੀ ਬੋਲੀ ਭਾਵ ਜ਼ਬਾਨ ਹੀ ਮੁੱਖ ਰੋਲ ਅਦਾ ਕਰਦੀ ਹੈ। ਜੇਕਰ ਅਸੀਂ ਕਿਸੇ ਨਾਲ ਮਿੱਠਾ ਬੋਲਦੇ ਹਾਂ ਤਾਂ ਹੀ ਰਿਸ਼ਤੇਦਾਰ ਸਾਡੇ ਕੋਲ ਆਉਂਦੇ ਹਨ। ਗੁਰਬਾਣੀ ਨੇ ਵੀ ਮਨੁੱਖ ਨੂੰ ਫਿਕੇ ਬੋਲ ਬੋਲਣ ਤੋਂ ਵਰਜਿਆ ਹੈ। 'ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਈ' ਫਿਕੇ ਬੋਲਣ ਨਾਲ ਭਾਵ ਕੌੜੇ ਸ਼ਬਦ ਬੋਲਣ ਨਾਲ ਮਨੁੱਖ ਦੀ ਸਮਾਜ ਵਿਚ ਕਦਰ ਘਟ ਜਾਂਦੀ ਹੈ। ਉਸ ਮਨੁੱਖ ਦੇ ਮਨ ਅਤੇ ਤਨ ਦੋਵੇਂ ਹੀ ਬੁਰੇ ਲਗਦੇ ਹਨ। ਜਦੋਂ ਮਨੁੱਖ ਅਜਿਹੇ ਬੋਲ ਬੋਲਦਾ ਹੈ ਉਸ ਦਾ ਮਨ ਜ਼ਹਿਰ ਉਗਲਦਾ ਹੈ ਜਿਸ ਨਾਲ ਉਸ ਦੀ ਅੰਦਰਲੀ ਸਥਿਤੀ ਦਾ ਪ੍ਰਗਟਾਵਾ ਹੁੰਦਾ ਹੈ ਅਤੇ ਜਿਸ ਮੂੰਹ ਨਾਲ ਉਹ ਬੋਲ ਬੋਲਦਾ ਹੈ ਉਸ ਦਾ ਉਹ ਚਿਹਰਾ ਵੀ ਬੁਰਾ ਲੱਗਣ ਲੱਗ ਜਾਂਦਾ ਹੈ। ਉਸ ਦੇ ਹਾਵ-ਭਾਵ ਕਿਸੇ ਨੂੰ ਵੀ ਚੰਗੇ ਨਹੀਂ ਲਗਦੇ।

'ਗੁਰਬਾਣੀ ਵੀ ਗੁਰਮਤਿ ਜੀਵ ਨੂੰ ਸੰਸਾਰ ਵਿਚ ਰਹਿੰਦਿਆਂ ਆਪਣੇ ਪਰਿਵਾਰਿਕ ਰਿਸ਼ਤਿਆਂ ਦਾ ਸਤਿਕਾਰ ਕਰਨ ਲਈ ਕਹਿੰਦੀ ਹੈ।'[14]

ਮਨੁੱਖ ਆਪਣੇ ਪਰਿਵਾਰ ਵਿਚ ਰਹਿ ਕਿ ਸਮਾਜ ਦੇ ਰਿਸ਼ਤਿਆਂ ਨੂੰ ਨਿਭਾਵੇ ਕਿਉਂਕਿ ਜੋ ਮਨੁੱਖ ਪਰਿਵਾਰਕ ਸਾਂਝ ਨਹੀਂ ਰੱਖ ਸਕਦਾ ਉਸ ਲਈ ਸਮਾਜਕ ਸਾਂਝ ਰੱਖਣਾ ਵੀ ਮੁਸ਼ਕਿਲ ਹੋ ਸਕਦਾ ਹੈ। ਮਨੁੱਖ ਦਾ ਜਨਮ ਜਿਸ ਪਰਿਵਾਰ ਵਿਚ ਹੁੰਦਾ ਹੈ ਉਸ ਦਾ ਸਭ ਤੋਂ ਪਹਿਲਾ ਫ਼ਰਜ਼ ਵੀ ਉਹਨਾਂ ਪ੍ਰਤੀ ਹੀ ਹੁੰਦਾ ਹੈ। ਗੁਰਬਾਣੀ ਕਹਿੰਦੀ ਹੈ;

'ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥' [15]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨੁੱਖ ਨੂੰ ਪਰਿਵਾਰ ਵਿਚ ਰਹਿ ਕੇ ਗ੍ਰਹਿਸਥੀ ਜੀਵਨ ਜੀਣ ਲਈ ਕਹਿੰਦੀ ਹੈ। ਗੁਰਬਾਣੀ ਅਨੁਸਾਰ ਮਨੁੱਖ ਜੇਕਰ ਘਰ-ਬਾਰ ਛੱਡ ਕਿ ਜੰਗਲਾਂ ਵਿਚ ਜਾ ਕੇ ਤਪ ਕਰਦਾ ਹੈ ਤਾਂ ਇਹ ਸਭ ਵਿਅਰਥ ਹੈ ਕਿਉਂਕਿ ਉਸ ਤੋਂ ਬਾਅਦ ਉਸ ਦੇ ਪਰਿਵਾਰ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮਾਜ ਵਿਚ ਰਹਿਣ ਵਾਲੇ ਮਨੁੱਖ ਨੂੰ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਨਹੀਂ ਮੋੜਨਾ ਚਾਹੀਦਾ ਸਗੋਂ ਆਪਣੇ ਫ਼ਰਜ਼ ਨੂੰ ਨਿਭਾਉਣਾ ਚਾਹੀਦਾ ਹੈ।

**ਗਿਆਨ ਇੰਦਰੀਆਂ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਮਨੁੱਖ ਦੀਆਂ ਗਿਆਨ-ਇੰਦਰੀਆਂ ਦਾ ਵਿਸ਼ੇਸ਼ ਰੂਪ ਵਿਚ ਜ਼ਿਕਰ ਆਉਂਦਾ ਹੈ। ਅੱਖ , ਕੰਨ, ਜੀਭ, ਸਰੀਰ ਅਤੇ ਚਮੜੀ ਇਹ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਹਨ ਜਿੰਨ੍ਹਾਂ ਨਾਲ ਉਹ ਸਮਾਜਕ ਕਿਰਿਆਵਾਂ ਕਰਦਾ ਹੈ। ਗੁਰਬਾਣੀ ਅਨੁਸਾਰ ਸਰੀਰ ਦਾ ਸਬੰਧ ਮਿੱਟੀ ਨਾਲ ਹੈ। ਅੱਖਾਂ ਦੀ ਜੋਤ ਦਾ ਅੱਗ ਨਾਲ ਅਤੇ ਆਕਾਸ਼ ਦਾ ਕੰਨਾਂ ਨਾਲ। ਜੀਭ ਦਾ ਪਾਣੀ ਨਾਲ ਅਤੇ ਚਮੜੀ ਦਾ ਹਵਾ ਨਾਲ। ਸਾਡਾ ਸਰੀਰ ਮਿੱਟੀ ਤੋਂ ਬਣਿਆ ਹੈ ਅਤੇ ਮਿੱਟੀ ਵਿਚ ਹੀ ਮਿਲ ਜਾਣਾ ਹੈ । ਇਸ ਤਰ੍ਹਾਂ ਸਾਡੀਆਂ ਅੱਖਾਂ ਸੰਸਾਰ ਨੂੰ ਵੇਖਦੀਆਂ ਹਨ ਪਰ ਅਸੀਂ ਕੀ ਵੇਖਣਾ ਹੈ ਇਸ ਦਾ ਗਿਆਨ ਮਨੁੱਖ ਨੂੰ ਹੀ ਹੋਣਾ ਚਾਹੀਦਾ ਹੈ। ਕੰਨਾਂ ਰਾਹੀਂ ਕਿਸੇ ਦਾ ਬੁਰਾ ਸੁਣਨਾ ਅਤੇ ਜੀਭ ਰਾਹੀਂ ਕਿਸੇ ਨੂੰ ਬੁਰਾ ਬੋਲਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

**ਪੰਜ ਵਿਕਾਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜ ਵਿਕਾਰਾਂ ਦਾ ਜ਼ਿਕਰ ਆਇਆ ਹੈ- ਕਾਮ , ਕ੍ਰੋਧ, ਲੋਭ, ਮੋਹ ਅਤੇ ਹੰਕਾਰ। ਗੁਰਬਾਣੀ ਅਨੁਸਾਰ ਜਿਸ ਮਨੁੱਖ ਦੇ ਜੀਵਨ ਵਿਚ ਇਹ ਵਿਕਾਰ ਹੁੰਦੇ ਹਨ ਉਸ ਦਾ ਜੀਵਨ ਵਿਅਰਥ ਹੈ। ਉਹ ਸਮਾਜ ਵਿਚ ਰਹਿ ਕਿ ਵੀ ਜੀਵਨ ਦਾ ਆਨੰਦ ਨਹੀਂ ਮਾਣ ਸਕਦਾ।

'ਕ੍ਰੋਧੁ ਬਿਨਾਸੈ ਸਗਲ ਵਿਕਾਰੀ॥
ਪਤਿ ਮਤਿ ਖੋਵਹਿ ਨਾਮੁ ਵਿਸਾਰੀ॥'[16]

ਕ੍ਰੋਧ ਨਾਲ ਮਨੁੱਖ ਅਪਣੀ ਅਕਲ ਖੋ ਬੈਠਦਾ ਹੈ। ਲਾਲਚ ਮਨੁੱਖ ਨੂੰ ਅਗਿਆਨੀ ਕਰ ਦਿੰਦੀ ਹੈ। ਮੋਹ ਵਿਚ ਫਸਿਆ ਮਨੁੱਖ ਕਈ ਵਾਰ ਗਲਤ ਅਤੇ ਸਹੀ ਦੀ ਪਹਿਚਾਣ ਨਹੀਂ ਕਰ ਪਾਉਂਦਾ। ਅਹੰਕਾਰ ਮਨੁੱਖ ਨੂੰ ਅਰਸ਼ ਤੋਂ ਫ਼ਰਸ਼ ਉੱਤੇ ਲੈ ਆਉਂਦਾ ਹੈ।

**ਨਿੰਦਾ ਅਤੇ ਚਿੰਤਾ**

ਕਿਸੇ ਦੀ ਨਿੰਦਿਆ ਕਰਨੀ ਵੀ ਆਪਣੇ ਸਿਰ ਪਾਪਾਂ ਦੀ ਪੰਡ ਲੈ ਕੇ ਚੱਲਣ ਦੇ ਬਰਾਬਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਨਿੰਦਿਆ ਚੁਗਲੀ ਕਰਨ ਤੋਂ ਵਰਜਿਆ ਗਿਆ ਹੈ। ਨਿੰਦਕ ਮਨੁੱਖ ਦੂਜਿਆਂ ਦੇ ਜੀਵਨ ਵਿਚ ਤਾਂ ਜ਼ਹਿਰ ਘੋਲਦਾ ਹੀ ਹੈ ਨਾਲ ਹੀ ਉਹ ਸਭ ਦੀ ਨਜ਼ਰ ਵਿਚ ਬੁਰੇ ਆਚਾਰ ਵਾਲਾ ਵਿਅਕਤੀ ਬਣ ਜਾਂਦਾ ਹੈ।

ਚਿੰਤਾ ਅੱਜ ਦੇ ਸਮੇਂ ਵਿਚ ਬਹੁਤ ਵੱਡਾ ਮਾਨਸਿਕ ਰੋਗ ਬਣ ਚੁੱਕਾ ਹੈ। ਹਰ ਮਨੁੱਖ ਨੂੰ ਸੰਸਾਰ ਵਿਚ ਰਹਿੰਦਿਆ ਕੋਈ ਨਾ ਕੋਈ ਚਿੰਤਾ ਸਤਾਉਂਦੀ ਰਹਿੰਦੀ ਹੈ, ਭਾਵੇਂ ਉਹ ਪਰਿਵਾਰਿਕ ਹੋਵੇ ਜਾਂ ਸਮਾਜਕ ਹੋਵੇ। ਇਸ ਚਿੰਤਾ ਦੇ ਉਪਜਣ ਦਾ ਮੁੱਖ ਕਾਰਨ ਮਨੁੱਖ ਦੀਆਂ ਲੋੜਾਂ ਦਾ ਵਧਣਾ ਹੈ। ਜਦੋਂ ਉਸ ਦੀਆਂ ਲੋੜਾਂ ਵੱਧ ਜਾਂਦੀਆਂ ਨੇ ਅਤੇ ਉਹ ਉਹਨਾਂ ਦੀ ਪੂਰਤੀ ਨਹੀਂ ਕਰ ਪਾਉਂਦਾ ਤਾਂ ਉਹ ਇਸ ਰੋਗ ਦਾ ਸ਼ਿਕਾਰ ਹੋ ਜਾਂਦਾ ਹੈ । ਮਨੁੱਖ ਸੰਸਾਰ ਵਿਚ ਜ਼ਿੰਦਗੀ ਜਿਊਣ ਆਇਆ ਹੈ ਪਰ ਉਹ ਇਹ ਭੁੱਲ ਜਾਂਦਾ ਹੈ ਕਿ ਉਸ ਨੇ ਇੱਥੇ ਹਮੇਸ਼ਾ ਨਹੀਂ ਰਹਿਣਾ ਪਰ ਫਿਰ ਵੀ ਉਹ ਚਿੰਤਾ ਕਰਦਾਹੈ। ਗੁਰਬਾਣੀ ਫਰਮਾਉਂਦੀ ਹੈ;

'ਚਿੰਤਾ ਤਾਂ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥'[17]

**ਸਚਿਆਰ ਮਨੁੱਖ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਸਚਿਆਰ ਮਨੁੱਖ ਨੂੰ ਜੀਵਨ ਦੇ ਤਿੰਨ ਉਪਦੇਸ਼- ਨਾਪ ਜਪਣਾ , ਕਿਰਤ ਕਰਨੀ ਅਤੇ ਵੰਡ ਕੇ ਛੱਕਣਾ ਚਾਹੀਦਾ ਹੈ। ਪਰਮਾਤਮਾ ਦੇ ਨਾਮ ਜਪਣ ਦੇ ਨਾਲ-ਨਾਲ ਮਨੁੱਖ ਨੂੰ ਕਿਰਤ ਭਾਵ ਕਿ ਆਪਣੀ ਕਮਾਈ ਕਰਨੀ ਚਾਹੀਦੀ ਹੈ। ਕਮਾਈ ਭਾਵੇਂ ਕੋਈ ਵੀ ਹੋਵੇ ਉਹ ਵਪਾਰ ਹੋਵੇ ਜਾਂ ਕੋਈ ਵੀ ਧੰਦਾ ਜੋ ਉਸ ਦੀ ਜੀਵਿਕਾ ਦਾ ਸਾਧਨ ਬਣ ਸਕੇ। ਪਰ ਇਹ ਕਮਾਈ ਸੱਚੀ ਹੋਣੀ ਚਾਹੀਦਾ ਹੈ ਕਿਸੇ ਨੂੰ ਧੋਖਾ ਦੇ ਕੇ ਜਾਂ ਧੱਕੇ ਨਾਲ ਹਾਸਿਲ ਨਾ ਕੀਤੀ ਹੋਵੇ। ਕਿਸੇ ਦਾ ਹੱਕ ਮਾਰ ਕੇ ਨਾ ਕੀਤੀ ਗਈ ਹੋਵ੍ਹੇ

'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥'[18]

ਅਸੀਂ ਸਾਰੇ ਉਸ ਪਰਮਾਤਮਾ ਦਾ ਦਿੱਤਾ ਹੋਇਆ ਖਾਂਦੇ ਹਾਂ। ਜਿਸ ਨੇ ਸਾਨੂੰ ਪੈਦਾ ਕੀਤਾ ਹੈ ਉਸ ਨੇ ਸਾਡੇ ਜੀਵਨ ਨੂੰ ਚਲਾਉਣ ਲਈ ਕੰਮ ਵੀ ਬਣਾਏ ਹਨ। ਇਹਨਾਂ ਕੰਮਾਂ ਨੂੰ ਕਰਨ ਲਈ ਮਨੁੱਖ ਨੂੰ ਉੱਦਮ ਤਾਂ ਕਰਨਾ ਹੀ ਪੈਦਾ ਹੈ। ਉੱਦਮ ਤੋਂ ਬਿਨਾਂ ਤਾਂ ਮਨੁੱਖ ਰੋਟੀ ਵੀ ਨਹੀਂ ਖਾ ਸਕਦਾ ਬੁਰਕੀ ਮੂੰਹ ਵਿਚ ਪਾਉਣ ਲਈ ਵੀ ਉਸ ਨੂੰ ਹੱਥ ਤਾਂ ਹਿਲਾਉਣਾ ਹੀ ਪੈਂਦਾ ਹੈ। ਗੁਰਬਾਣੀ ਅਨੁਸਾਰ ਕੰਮ ਹੀ ਮਨੁੱਖ ਦੇ ਕਰਮ ਬਣਾਉਂਦੇ ਹਨ। ਮਨੁੱਖ ਜਿਹੋ ਜਿਹੇ ਕੰਮ ਕਰਦਾ ਹੈ ਉਸ ਦੀ ਜ਼ਿੰਦਗੀ ਉਹੋ ਜਿਹੀ ਬਣ ਜਾਂਦੀ ਹੈ।

'ਕੀਤੀ ਹੋਈ ਕਮਾਈ ਨੂੰ ਵੰਡ ਛੱਕਣਾ ਹੀ ਗੁਰਮਤਿ ਵਿਚ ਪ੍ਰਵਾਨ ਹੈ। ਗੁਰੂ ਸਾਹਿਬਾਨ ਨੇ ਲੰਗਰ ਦੀ ਪ੍ਰਥਾ ਸ਼ੁਰੂ ਕਰਕੇ ਹੀ ਵੰਡ ਛੱਕਣ ਦੀ ਪ੍ਰਥਾ ਨੂੰ ਅਮਲੀ ਰੂਪ ਦਿੱਤਾ ਹੈ।'[19]

ਮਨੁੱਖ ਦੀ ਦੂਜਿਆਂ ਪ੍ਰਤੀ ਸੇਵਾ ਭਾਵਨਾ ਹੀ ਉਸ ਨੂੰ ਸਚਿਆਰ ਬਣਾਉਂਦੀ ਹੈ। ਜਿਹੜਾ ਮਨੁੱਖ ਸਮਾਜ ਵਿਚ ਰਹਿ ਕੇ ਲੋੜਵੰਦਾਂ ਦੀ ਮਦਦ ਅਤੇ ਸੇਵਾ ਕਰਦਾ ਹੈ ਉਹ ਸਮਾਜ ਵਿਚ ਤਾਂ ਪ੍ਰਵਾਨ ਹੁੰਦਾ ਹੀ ਹੈ ਨਾਲ ਹੀ ਉਹ ਉਸ ਗੁਰੂ ਨੂੰ ਵੀ ਭਾਉਂਦਾ ਹੈ। ਪਰਮਾਤਮਾ ਉਸ ਮਨੁੱਖ ਦੇ ਦੁੱਖ-ਸੁੱਖ ਆਪੇ ਸਮੇਟ ਲੈਂਦਾ ਹੈ ਤੇ ਉਸ ਦਾ ਸੰਸਾਰ ਵਿਚ ਆਉਣਾ ਵੀ ਸਫਲ ਹੋ ਜਾਂਦਾ ਹੈ।

**ਸਿੱਟਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਮਨੁੱਖ ਨੂੰ ਸੰਸਾਰ ਵਿਚ ਰਹਿੰਦਿਆਂ ਆਪਣੇ ਜੀਵਨ-ਜਾਚ ਦੇ ਰੂਪ ਨੂੰ ਪਹਿਚਾਨਣ ਅਤੇ ਇਕ ਸਚਿਆਰ ਭਾਵ ਚੰਗੇ ਮਨੁੱਖ ਵਰਗਾ ਜੀਵਨ ਜਿਉਣ ਦਾ ਉਪਦੇਸ਼ ਦਿੱਤਾ ਗਿਆ ਹੈ। ਚੰਗੇ ਗੁਣਾਂ ਦਾ ਧਾਰਨੀ ਹੋਣਾ , ਬੁਰੇ ਕੰਮਾਂ ਤੋਂ ਬਚਣਾ ਅਤੇ ਪ੍ਰੇਮ ਭਾਵਨਾ ਨਾਲ ਰਹਿ ਕੇ ਸੰਸਾਰ ਵਿਚ ਵਿਚਰਨ ਵਾਲਾ ਮਨੁੱਖ ਹੀ ਉਸ ਪਰਮਾਤਮਾ ਨਾਲ ਜੁੜਦਾ ਹੈ। ਉਹ ਸੰਸਾਰ ਵਿਚ ਵੀ ਤਾਂ ਹੀ ਸ਼ਾਂਤੀ ਮਹਿਸੂਸ ਕਰਦਾ ਹੈ ਜੇਕਰ ਉਸ ਦੀ ਮਾਨਸਿਕ ਦ੍ਰਿਸ਼ਟੀ ਵੀ ਗਿਆਨਵਾਨ ਹੋਵੇ। ਧਰਮ ਅਤੇ ਸਮਾਜ ਦਾ ਗੂੜ੍ਹਾ ਰਿਸ਼ਤਾ ਹੈ ਧਰਮ ਦੇ ਰਾਸਤੇ ਉੱਪਰ ਚਲ ਕਿ ਹੀ ਮਨੁੱਖ ਆਪਣੇ ਫ਼ਰਜ਼ਾਂ ਦੀ ਪੂਰਤੀ ਕਰ ਸਕਦਾ ਹੈ। ਧਰਮ ਮਨੁੱਖ ਨੂੰ ਨਿਮਰਤਾ ਦੇ ਭਾਵ ਵਿਚ ਰਹਿ ਕਿ ਸੰਤੋਖ ਵਾਲਾ ਜੀਵਨ ਜੀਣ ਦੀ ਜਾਚ ਦੱਸਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜਿੱਥੇ ਮਨੁੱਖ ਨੂੰ ਨੈਤਿਕਤਾ ਦੇ ਗੁਣਾਂ ਦਾ ਧਾਰਨੀ ਹੋਣ ਲਈ ਕਹਿੰਦੀ ਹੈ ਉੱਥੇ ਹੀ ਉਹ ਬੁਰੇ ਵਿਵਹਾਰ ਤੋਂ ਵੀ ਵਰਜਦੀ ਹੈ। ਇਹ ਬਾਣੀ ਮਨੁੱਖ ਨੂੰ ਪਰਿਵਾਰਕ ਰਿਸ਼ਤਿਆਂ ਵਿਚ ਮਿਠਾਸ ਰੱਖਣ ਅਤੇ ਆਪਣੀਆਂ ਗਿਆਨ ਇੰਦਰੀਆਂ ਉੱਪਰ ਕਾਬੂ ਰੱਖਣ ਲਈ ਵੀ ਕਹਿੰਦੀ ਹੈ। ਗੁਰਬਾਣੀ ਸਭ ਮਨੁੱਖਤਾ ਨੂੰ ਇਕ ਭਾਵ ਨਾਲ ਵੇਖਣ ਅਤੇ ਵਿਕਾਰਾਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੰਦੀ ਹੈ। ਇਹ ਮਨੁੱਖ ਨੂੰ ਆਪਣੀ ਜ਼ਿੰਦਗੀ ਜਿਊਣ ਲਈ ਆਪ ਉੱਦਮ ਕਰਨ , ਕਮਾਈ ਕਰਨ ਅਤੇ ਲੋੜਵੰਦਾਂ ਲਈ ਸੇਵਾ-ਭਾਵਨਾ ਰੱਖਣ ਵਰਗੇ ਗੁਣਾਂ ਦਾ ਧਾਰਨੀ ਬਣਾਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਮਾਜਕ ਜੀਵਨ ਦਾ ਸੋਹਣਾ ਅਤੇ ਸੁਚੱਜਾ ਸੰਕਲਪ ਪੇਸ਼ ਕਰਦੀ ਹੈ।

ਹਰਜਿੰਦਰ ਕੌਰ
(ਪੰਜਾਬੀ ਖੋਜ ਵਿਦਿਆਰਥੀ)
ਸੀ.ਟੀ. ਯੂਨੀਵਰਸਿਟੀ, ਲੁਧਿਆਣਾ, ਪੰਜਾਬ

**ਪੁਸਤਕ-ਸੂਚੀ**

1. ਸਿੰਘ, ਸਰਬਜਿੰਦਰ। (2008)। ਗੁਰੂ ਗ੍ਰੰਥ ਸਾਹਿਬ ਸਰੂਪ ਤੇ ਵਿਚਾਰਧਾਰਾ (ਸਫ਼ਾ-81)। ਨਵੀਂ ਦਿੱਲੀ: ਸਿੱਖ ਫ਼ਾਉਂਡੇਸ਼ਨ।

2. ਸ੍ਰੀ ਗੁਰੂ ਗ੍ਰੰਥ ਸਾਹਿਬ (ਅੰਗ-1349)।

3. ਢਿੱਲੋਂ, ਜਸਵਿੰਦਰ ਕੌਰ। ( 2004)। ਗੁਰੂ ਗ੍ਰੰਥ ਸਾਹਿਬ ਦੇ ਵਿਵਿਧ ਪਰਿਪੇਖ (ਸਫ਼ਾ- 206)। ਅੰਮ੍ਰਿਤਸਰ: ਗੁਰੂ ਨਾਨਕ ਅਧਿਐਨ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ।

4. ਉਹੀ। (ਸਫ਼ਾ-141)।

5. ਸ੍ਰੀ ਗੁਰੂ ਗ੍ਰੰਥ ਸਾਹਿਬ (ਅੰਗ-473)।

6. ਸਿੰਘ, ਸਰਬਜਿੰਦਰ। (2008)। ਗੁਰੂ ਗ੍ਰੰਥ ਸਾਹਿਬ ਸਰੂਪ ਤੇ ਵਿਚਾਰਧਾਰਾ (ਸਫ਼ਾ-83)। ਨਵੀਂ ਦਿੱਲੀ: ਸਿੱਖ ਫ਼ਾਉਂਡੇਸ਼ਨ।

7. ਸ੍ਰੀ ਗੁਰੂ ਗ੍ਰੰਥ ਸਾਹਿਬ (ਅੰਗ-471)।

8. ਧਰਮ ਪ੍ਰਚਾਰਕ ਕਮੇਟੀ। (ਮਿਤੀਹੀਨ)। ਗੁਰੂ ਗ੍ਰੰਥ ਸਾਹਿਬ ਜੀਵਨ ਜੁਗਤ (ਸਫ਼ਾ-43)। ਦਿੱਲੀ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।

9. ਸਿੰਘ, ਬ੍ਰਹਮਜਗਦੀਸ਼। (2013)। ਗੁਰੂ ਗ੍ਰੰਥ ਸੰਕਲਪ ਕੋਸ਼ (ਸਫ਼ਾ-94)। ਅੰਮ੍ਰਿਤਸਰ: ਵਾਰਿਸ ਸ਼ਾਹ ਫ਼ਾਉਂਡੇਸ਼ਨ।

10. ਸ੍ਰੀ ਗੁਰੂ ਗ੍ਰੰਥ ਸਾਹਿਬ (ਅੰਗ-327)।

11. ਸਿੰਘ, ਹਰਪ੍ਰੀਤ। (2018)। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ ਦੀ ਵਿਸ਼ਵੀ ਪ੍ਰਸੰਗਿਕਤਾ (ਸਫ਼ਾ-167)। ਚੰਡੀਗੜ੍ਹ: ਗੁਰੂ ਨਾਨਕ ਸਿੱਖ ਸਟੱਡੀ ਵਿਭਾਗ ਪੰਜਾਬ ਯੂਨੀਵਰਸਿਟੀ।

12. ਸ੍ਰੀ ਗੁਰੂ ਗ੍ਰੰਥ ਸਾਹਿਬ (ਅੰਗ-266)।

13. ਧਰਮ ਪ੍ਰਚਾਰਕ ਕਮੇਟੀ। (ਮਿਤੀਹੀਨ)। ਗੁਰੂ ਗ੍ਰੰਥ ਸਾਹਿਬ ਜੀਵਨ ਜੁਗਤ (ਸਫ਼ਾ-35)। ਦਿੱਲੀ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।

14. ਸਿੰਘ, ਸਰਬਜਿੰਦਰ। (2008)। ਗੁਰੂ ਗ੍ਰੰਥ ਸਾਹਿਬ ਸਰੂਪ ਤੇ ਵਿਚਾਰਧਾਰਾ (ਸਫ਼ਾ-106)। ਨਵੀਂ ਦਿੱਲੀ: ਸਿੱਖ ਫ਼ਾਉਂਡੇਸ਼ਨ।

15. ਸ੍ਰੀ ਗੁਰੂ ਗ੍ਰੰਥ ਸਾਹਿਬ (ਅੰਗ-1200)।

16. ਸ੍ਰੀ ਗੁਰੂ ਗ੍ਰੰਥ ਸਾਹਿਬ (ਅੰਗ-225)।

17. ਸ੍ਰੀ ਗੁਰੂ ਗ੍ਰੰਥ ਸਾਹਿਬ (ਅੰਗ-1429)।

18. ਸ੍ਰੀ ਗੁਰੂ ਗ੍ਰੰਥ ਸਾਹਿਬ (ਅੰਗ-141)।

19. ਸਿੰਘ, ਸਰਬਜਿੰਦਰ। (2008)। ਗੁਰੂ ਗ੍ਰੰਥ ਸਾਹਿਬ ਸਰੂਪ ਤੇ ਵਿਚਾਰਧਾਰਾ (ਸਫ਼ਾ-94)। ਨਵੀਂ ਦਿੱਲੀ: ਸਿੱਖ ਫ਼ਾਉਂਡੇਸ਼ਨ।